**ਮਾਡਲ ਪ੍ਰਸ਼ਨ ਪੱਤਰ (ਲਿਖਤੀ)**

**2022-23**

**12ਵੀ**

**ਭੂਗੋਲ (Geography)**

**ਸਮਾਂ: 3 ਘੰਟੇ** **ਕੁੱਲ ਅੰਕ:70**

**ਨੋਟ: 1. ਪ੍ਰਸ਼ਨ ਪੱਤਰ ਦੇ 5 ਸੈਕਸ਼ਨ ਹਨ ਜਿਨ੍ਹਾਂ ਵਿੱਚ ਕੁਲ 7 ਪ੍ਰਸ਼ਨ ਦਿੱਤੇ ਗਏ ਹਨ। ਸਾਰੇ ਪ੍ਰਸ਼ਨ ਲਾਜ਼ਮੀ ਹਨ।**

**2. ਹਰ ਸੈਕਸ਼ਨ ਦੇ ਪ੍ਰਸ਼ਨ ਹੱਲ ਕਰਨ ਲਈ ਵਖਰੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।**

**ਸੈਕਸ਼ਨ-।**

ਪ੍ਰਸ਼ਨ 1: ਇਸ ਭਾਗ ਵਿੱਚ 6 ਬਹੁਵਿਕਲਪੀ ਅਤੇ 8 ਹੋਰ ਵਸਤੂਨਿਸ਼ਠ ਪ੍ਰਸ਼ਨ ਹਨ। ਹਰੇਕ ਦਾ ਜਵਾਬ ਇੱਕ ਸ਼ਬਦ ਤੋਂ ਇਕ ਵਾਕ ਤੱਕ ਦੀ ਲੰਬਾਈ ਵਿੱਚ ਦਿਓ: **14%02=28**

(i) ਪੇਰੂ ਦੀ ਧਾਰਾ ਨੂੰ ਵਾਚਣ ਵਾਲ਼ਾ ਪਹਿਲਾ ਮਾਹਿਰ ਕੌਣ ਸੀ ਤੇ ਉਹ ਕਿਹੜੇ ਦੇਸ਼ ਦਾ ਸੀ?

(ੳ) ਕਾਰਲ ਰਿਟਰ, ਜਰਮਨੀ (ਅ) ਅਲੈਗਜ਼ੈਂਡਰ ਹਮਬੋਲਟ, ਜਰਮਨੀ

(ੲ) ਪੌਲਵਿਡਾਲ, ਫ਼ਰਾਂਸ (ਸ) ਐਲਨ ਚਰਚਿਲ ਸੈਂਪਲ, ਯੂ.ਐੱਸ.ਏ.

(ii) ਚਿੱਟੀ ਤੇ ਨੀਲੀ ਕ੍ਰਾਂਤੀ ਦਾ ਸਬੰਧ ਕ੍ਰਮਵਾਰ ਕਿਨ੍ਹਾਂ ਵਸਤਾਂ ਨਾਲ਼ ਹੈ?

(ੳ) ਦੁੱਧ ਤੇ ਨੀਲ ਉਤਪਾਦਨ (ਅ) ਦੁੱਧ ਉਤਪਾਦਨ ਤੇ ਮੱਛੀ ਉਤਪਾਦਨ

(ੲ)ਚਿੱਟਾ ਤੇ ਨੀਲਾ ਕੱਪੜਾ ਉਤਪਾਦਨ (ਸ) ਗ਼ੈਰ ਰਵਾਇਤੀ ਊਰਜਾ ਉਤਪਾਦਨ

(iii) ਦੱਖਣ –ਪੂਰਬੀ ਤੇ ਉੱਤਰੀ ਰੇਲਵੇ ਦੇ ਹੈੱਡ ਕੁਆਰਟਰ ਕਿੱਥੇ-ਕਿੱਥੇ ਹਨ?

(ੳ) ਹਾਵੜਾ, ਅੰਬਾਲਾ (ਅ)ਸਿੰਕਦਰਾਬਾਦ, ਦਿੱਲੀ

(ੲ) ਕੋਲਕਾਤਾ, ਦਿੱਲੀ (ਸ) ਗੋਰਖਪੁਰ, ਫ਼ਿਰੋਜ਼ਪੁਰ

(iv) ਰੋਬਸਟਾ ਤੇ ਓਲੌਂਗ ਕ੍ਰਮਵਾਰ ਕਿਨ੍ਹਾਂ ਵਸਤਾਂ ਦੀਆਂ ਕਿਸਮਾਂ ਹਨ?

(ੳ)ਕਾਫ਼ੀ, ਤੇ ਲੌਂਗ (ਅ) ਚਾਹ, ਲੌਂਗ

(ੲ) ਆਈਸਕਰੀਮ, ਚਾਹ (ਸ) ਕਾਫ਼ੀ, ਚਾਹ

(v) ਲਾਲ ਤੇ ਸੰਤਰੀ ਕਾਲਰ ਕਾਮੇ ਕੌਣ-ਕੌਣ ਹੁੰਦੇ ਹਨ?

(ੳ) ਕਿਸਾਨ ਤੇ ਕੈਦੀ (ਅ) ਦਿਹਾੜੀਦਾਰ ਤੇ ਵਿਗਿਆਨੀ

(ੲ)ਵਿਗਿਆਨੀ ਤੇ ਰੱਖਿਆ ਗਾਰਡ (ਸ) ਡਾਕਟਰ ਤੇ ਕਿਸਾਨ

(vi) ਸਰ ਕੀਕ ਤੇ ਕੱਚਾਤਿਵੂ ਕਿੱਥੇ-ਕਿੱਥੇ ਸਥਿਤ ਹਨ?

(ੳ) ਖੰਬਾਤ ਖਾੜੀ, ਬੰਗਾਲ ਦੀ ਖਾੜੀ (ਅ) ਕੱਛ ਦੀ ਖਾੜੀ, ਪਾਕ ਸਟ੍ਰੇਟ

(ੲ) ਖਾੜੀ ਬੰਗਾਲ, ਅਰਬ ਸਾਹਾਰ (ਸ)ਡਾਕਟਰ ਤੇ ਕਿਸਾਨ

(vii) ਕੁੱਲ ਪ੍ਰਸੰਨਤਾ ਦਰਜਾ ਬੰਦੀ ਵਿੱਚ ਭਾਰਤ ਦਾ ਕਿੰਨਵਾਂ ਸਥਾਨ ਹੈ ਤੇ ਪਹਿਲੇ ਸਥਾਨ ਤੇ ਸੰਸਾਰ ਦਾ ਕਿਹੜਾ ਦੇਸ਼ ਹੈ?

(viii) ਕੋਲੇ ਦੀਆਂ ਕੋਈ ਦੋ ਕਿਸਮਾਂ ਦੇ ਨਾਮ ਲਿਖੋ।

(ix) ਖੰਡ ਤੋਂ ਇਲਾਵਾ, ਗੰਨੇ ਤੋਂ ਹੋਰ ਕੀ-ਕੀ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ?

(x) ਪੈਲੇਸ ਔਨ ਵੀਲਜ਼ ਕੀ ਹੈ ਤੇ ਕਿਹੜੇ ਸੂਬੇ ਨਾਲ ਸਬੰਧਤ ਹੈ?

(xi) ਰਾਇਪੇਰੀਅਨ ਬਫ਼ਰ ਕੀ ਹੈ?

(xii) ਦੋ ਸ਼ਹਿਰਾਂ ਦੇ ਨਾਂ ਲਿਖੋ ਜੋ ਇੱਕ ਤੋਂ ਵੱਧ ਸੂਬਿਆਂ ਦੀ ਰਾਜਧਾਨੀ ਹਨ ਜਾਂ ਕਦੇ ਰਹੇ ਹਨ।

(xiii) ਪੰਜਾਬ ਦੀ ਖੇਤੀ ਦੀਆਂ ਕੋਈ ਦੋ ਕਮਜ਼ੋਰੀਆਂ ਲਿਖੋ।

(xiv) ਡਾ. ਮਹਿੰਦਰ ਸਿੰਘ ਰੰਧਾਵਾ ਕੌਣ ਸਨ?

## ਸੈਕਸ਼ਨ-II

ਪ੍ਰਸ਼ਨ-2: ਹੇਠ ਲਿਖੇ 8 ਪ੍ਰਸ਼ਨਾਂ ਵਿੱਚੋਂ 4 ਹੱਲ ਕਰਨੇ ਲਾਜ਼ਮੀ ਹਨ। ਹਰੇਕ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ: **04%03=12**

(i) ਤਾਂਬੇ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖੋ।

(ii) ਬਾਬਾ ਬੂਢਨ ਪਹਾੜੀ ਖਿੱਤੇ ਦੇ ਇਤਿਹਾਸ ਤੋਂ ਜਾਣੂ ਕਰਵਾਓ।

(iii) ਰੁੱਤ ਪ੍ਰਵਾਸ ਕੀ ਹੁੰਦਾ ਹੈ? ਸਪਸ਼ਟ ਕਰੋ।

(iv) ਸਾਖਰਤਾ ਕੱਢਣ ਦਾ ਫਾਰਮੂਲਾ ਕੀ ਹੈ?

(v) ਭਾਰਤ ਨੇ ਕਿਹੜੇ ਤਿੰਨ ਨੁਕਤੇ ਮਨੁਖੀ ਵਿਕਾਸ ਮਾਪਕ ਵਜੋਂ ਚੁਣੇ ਹਨ?

(vi) ਵਿਅਕਤੀਗਤ ਸੰਚਾਰ ਦੇ ਸਾਧਨ ਕਿਹੜੇ ਕਿਹੜੇ ਹਨ?

(vii) ਜਲ ਪ੍ਰਦੂਸ਼ਣ ਕਰਨ ਵਾਲੇ ਕੋਈ ਤਿੰਨ ਕਾਰਕਾਂ ਦੇ ਨਾਮ ਲਿਖੋ ਤੇ ਇਸਦੇ ਬੁਰੇ ਅਸਰਾਂ ਤੇ ਵੀ ਜਾਣੂ ਕਰਵਾਓ।

(viii) ਮਜ਼ਦੂਰਾਂ ਦੀ ਗਿਣਤੀ ਦੇ ਅਧਾਰ ਤੇ ਉਦਯੋਗਾਂ ਦੀ ਵੰਡ ਕਰੋ ਤੇ ਵਿਸ਼ੇਸ਼ਤਾਵਾਂ ਵੀ ਲਿਖੋ।

## ਸੈਕਸ਼ਨ-III

ਨੋਟ: ਹੇਠ ਲਿਖੇ ਪ੍ਰਸ਼ਨਾਂ ਵਿਚੋਂ ਸਹੀ ਚੋਣ ਕਰਦੇ ਹੋਏ, ਹਰੇਕ ਦਾ ਉੱਤਰ ਘੱਟੋ-ਘੱਟ 100 ਸ਼ਬਦਾਂ ਵਿੱਚ ਦਿਓ: **02%06=12**

ਪ੍ਰਸ਼ਨ 3: ਵਿਦਵਾਨਾਂ ਨੇ ਭੂਗੋਲਿਕ ਪ੍ਰਕਿਰਿਆਵਾਂ ਨੂੰ ਮਨੁਖੀ ਅੰਗਾਂ ਅਤੇ ਕਿਰਿਆਵਾਂ ਦੇ ਨਾਮ ਕਿਵੇਂ ਦਿੱਤੇ ਹਨ? ਉਦਾਹਰਨਾਂ ਸਹਿਤ ਚਰਚਾ ਕਰੋ।

ਜਾਂ

ਜਨਸੰਖਿਆ ਦੀ ਸਥਾਨ ਬਦਲੀ (migration) ਦੇ ਕੀ-ਕੀ ਕਾਰਨ ਹੋ ਸਕਦੇ ਹਨ? ਵਿਆਖਿਆ ਕਰੋ।

ਪ੍ਰਸ਼ਨ 4: ਖਣਿਜ ਪਦਾਰਥਾਂ ਦੀ ਵੰਡ ਦੇ ਵੱਖ-ਵੱਖ ਤਰੀਕੇ ਕੀ ਹਨ? ਵਿਸਥਾਰ ਨਾਲ ਚਰਚਾ ਕਰੋ ਤੇ ਉਦਾਹਰਣਾਂ ਵੀ ਦਿਓ।

ਜਾਂ

ਭਾਰਤ ਵਿੱਚ ਪ੍ਰਸ਼ਾਸਕੀ ਅਧਾਰ ’ਤੇ ਕੀਤੇ ਗਏ ਸੜਕਾਂ ਦੇ ਵਰਗੀਕਰਨ ਤੋਂ ਵਿਸਥਾਰ ਨਾਲ ਜਾਣੂ ਕਰਵਾਓ।

**ਸੈਕਸ਼ਨ -IV**

ਪ੍ਰਸ਼ਨ 5: ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਉਸ ਅਧਾਰ ’ਤੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

04%02=08

PSLV ਤੇ GSLV, ਉਪਗ੍ਰਹਿਆਂ ਨੂੰ ਪੁਲਾੜ ਵਿੱਚ ਦਾਗਣ ਲਈ ਭਾਰਤੀ ਪੁਲਾੜ ਖੋਜ ਸੰਸਥਾਨ (ISRO) ਵੱਲੋਂ ਬਣਾਏ ਜਾਂਦੇ ਰਾਕਟ ਹਨ। PSLV ਦੀ ਮਦਦ ਨਾਲ ਹਲਕੇ ਉਪਗ੍ਰਹਿ (1750 ਕਿਲੋਗ੍ਰਾਮ ਭਾਰ ਤੱਕ) ਪੁਲਾੜ ਵਿੱਚ ਦਾਗੇ ਜਾਂਦੇ ਹਨ ਤੇ ਇਸ ਵਿੱਚ ਇਸਰੋ ਨੂੰ ਪੂਰੀ ਨਿਪੁੰਨਤਾ ਹਾਸਲ ਹੈ। ਵੱਧ ਭਾਰ ਦੇ ਉਪਗ੍ਰਹਿ ਦਾਗਣ ਲਈ GSLV ਵਰਤਿਆ ਜਾਂਦਾ ਹੈ ਜਿਸ ਵਿੱਚ ਕਰਾਇਓਜੈਨਿਕ ਇੰਜਨ ਲੱਗਾ ਹੁੰਦਾ ਹੈ। ਦੋਹੇਂ ਕਿਸਮ ਦੇ ਰਾਕਟ ਇਸਰੋ ਨੂੰ ਤਿਆਰ ਕੀਤੇ ਹਨ। PSLV ਨੂੰ ਪੋਲਰ ਸੈਟੇਲਾਈਟ ਲਾਂਚ ਵਹੀਕਲ ਆਖਦੇ ਹਨ ਜੋ ਉਪਗ੍ਰਹਿਆਂ ਨੂੰ 600 ਤੋਂ 900 ਕਿਲੋਮੀਟਰ ਦੀ ਉਚਾਈ ਤੱਕ ਪੁਚਾਂਦਾ ਹੈ। ਇਸ ਰਾਕਟ ਦੀਆਂ ਚਾਰ ਸਟੇਜਾਂ ਹੁੰਦੀਆਂ ਹਨ। ਪਹਿਲੀ ਤੇ ਤੀਸਰੀ ਤਹਿ ਵਿੱਚ ਠੋਸ ਰਾਕਟ ਇੰਜਣ ਅਤੇ ਦੂਸਰੀ ਤੇ ਚੌਥੀ ਤਹਿ ਵਿੱਚ ਤਰਲ ਰਾਕਟ ਇੰਜਣ ਹੁੰਦੇ ਹਨ। GSLV ਨੂੰ ਜਿਓ-ਸਿੰਕਰੋਸ ਸੈਟੇਲਾਈਟ ਲਾਂਚ ਵਹੀਕਲ ਆਖਦੇ ਹਨ ਜਿਸਦੀਆਂ ਤਿੰਨ ਸਟੇਜਾਂ/ਤਹਿਆਂ ਹੁੰਦੀਆਂ ਹਨ ਅਤੇ ਤੀਸਰੀ ਸਟੇਜ ਵਿਚ ਕ੍ਰਾਇਓਜੈਨਿਕ ਇੰਜਣ ਹੁੰਦਾ ਹੈ। ਇਸ ਇੰਜਣ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਧਰਤੀ ਦੀ ਗਰੁਤਾ ਖਿੱਚ ਸ਼ਕਤੀ ਦੇ ਬਾਵਜੂਦ ਵਿਰੋਧੀ ਪਾਸੇ ਵੱਲ ਧੱਕ ਸਕਣ ਦੀ ਅਥਾਹ ਤਾਕਤ ਹੁੰਦੀ ਹੈ। ਇਹੀ ਕਾਰਨ ਹੈ ਕਿ GSLV ਦੀ ਮਦਦ ਨਾਲ 2500 ਕਿਲੋਗ੍ਰਾਮ ਜਾਂ ਇਸ ਤੋਂ ਵੀ ਵੱਧ ਭਾਰੇ ਉਪਗ੍ਰਹਿ ਪੁਲਾੜ ਵਿੱਚ ਭੇਜੇ ਜਾ ਸਕਦੇ ਹੁੰਦੇ ਹਨ। ਕ੍ਰਾਇਓਜੈਨਿਕ ਇੰਜਣ ਵਿੱਚ ਬਾਲਣ (ਆਕਸੀਜਨ, ਹਾਈਡ੍ਰੋਜਨ ਆਦਿ) ਬਹੁਤ ਹੀ ਘੱਟ ਤਾਪਮਾਨ ਤੇ ਤਰਲ ਅਵਸਥਾ ਵਿੱਚ ਹੀ ਰੱਖਿਆ ਜਾਂਦਾ ਹੈ।

(i) ਭਾਰਤ ਦੀ ਪੁਲਾੜ ਏਜੰਸੀ ਕਿਹੜੀ ਹੈ? ਇਸਦਾ ਛੋਟਾ ਤੇ ਪੂਰਾ ਨਾਮ ਕੀ –ਕੀ ਹਨ?

(ii) PSLV ਤੇ GSLV ਦੀਆਂ ਕਿੰਨੀਆਂ-ਕਿੰਨੀਆਂ ਸਟੇਜਾਂ ਹਨ?

(iii) ਕ੍ਰਾਇਓਜੈਨਿਕ ਇੰਜਣ ਦੀ ਕੀ ਵਿਸ਼ੇਸਤਾ ਹੈ? ਇਹ ਕਿਹੜੇ ਰਾਕਟ ਵਿੱਚ ਹੁੰਦਾ ਹੈ?

(iv) ਭਾਰੇ ਉਪਗ੍ਰਹਿ ਪੁਲਾੜ ਵਿੱਚ ਭੇਜਣ ਲਈ ਰਾਕਟ ਵਿੱਚ ਬਾਲਣ ਵਜੋਂ ਕੀਤੇ ਕਿਸ ਰੂਪ ਵਿੱਚ ਹੁੰਦਾ ਹੈ?

## ਸੈਕਸ਼ਨ -V

ਨੋਟ : ਹੇਠ ਦਿੱਤੇ ਪ੍ਰਸ਼ਨਾਂ ਦੇ 8-8 ਵਿਕਲਪਾਂ ਵਿਚੋਂ 5-5 ਕਰਨੇ ਲਾਜ਼ਮੀ ਹਨ। 01%10=10

ਪ੍ਰਸ਼ਨ-6 ਕੋਈ 5 ਭਾਰਤ ਦੇ ਖਾਕੇ ਵਿੱਚ ਵਿਖਾਓ:

(i) ਸਭ ਤੋਂ ਵੱਧ ਵਸੋਂ ਵਾਲਾ ਸੂਬਾ

(ii) ਬਠਿੰਡਾ ਤੇਲ ਰਿਫ਼ਾਨੀਨਰੀ

(iii) ਸਿਆਚਿਨ

(iv) ਸਿੰਧ ਦਰਿਆ ਦਾ ਭਾਰਤ ਵਿੱਚ ਪੈਦਾ ਹਿੱਸਾ

(v) ਦੱਖਣੀ ਪ੍ਰਾਇਦੀਪੀ ਭਾਰਤ

(vi) ਸੁੰਦਰਬਨ ਡੈਲਟਾ

(vii) ਸਭ ਤੋਂ ਵੱਡਾ ਕਿੰਨੂੰ ਉਤਪਾਦਕ ਸੂਬਾ

(viii) ਚਾਹ ਦੇ ਬਾਗਾਂ ਦਾ ਇੱਕ ਸਥਾਨ

ਪ੍ਰਸ਼ਨ -7 ਖਾਕੇ ਵਿੱਚ ਬਣੇ ਕੋਈ 5 ਸਥਾਨਾਂ/ਚਿੰਨ੍ਹਾਂ ਦੀ ਭੂਗੋਲਿਕ ਪਛਾਣ ਦੱਸੋ:

(i)

(ii)

(iii)

(iv)

(v)

(vi)

(vii)

(viii)